











# ਤੁਹਾਡਾ ਸ਼ਹਿਰ। ਤੁਹਾਡੀ ਵੋਟ।
# ਅਕਤੂਬਰ 22


**toronto.ca/elections**


TORONTO

Call 3 1 1









# ਵਾਰਡ ਵਿੱਚ ਬਦਲਾਵ

2018 ਦੀਆਂ ਮਿਉਂਸੀਪਲ ਚੋਣਾਂ ਲਈ ਵਾਰਡ ਦੀਆਂ ਹੱਦਾਂ ਵਿੱਚ ਬਦਲਾਵ ਕੀਤੇ ਗਏ ਹਨ। ਇਹ ਬਦਲਾਵ 1 ਦਸੰਬਰ 2018 ਤੋਂ ਪ੍ਰਭਾਵੀ ਹੋਣਗੇ, ਜਦੋਂ ਕਾਉਂਸਿਲ ਦੀ ਮਿਆਦ ਸ਼ੁਰੂ ਹੁੰਦੀ ਹੈ। ਵਾਰਡ ਦੀ ਹੱਦ ਵਿੱਚ ਬਦਲਾਵਾਂ ਨੂੰ ਵਧੀਆ ਤਰੀਕੇ ਨਾਲ ਸਮਝਣ ਲਈ ਤੁਸੀਂ ਇਹ ਕਰ ਸਕਦੇ ਹੋ:

- ਤੁਸੀਂ ਕਿਸ ਵਾਰਡ ਵਿੱਚ ਵੋਟ ਪਾਓਗੇ ਅਤੇ ਤੁਹਾਡੇ ਵਾਰਡ ਤੋਂ ਕੌਣ ਚੋਣ ਲੜ ਰਿਹਾ ਹੈ, ਇਹ ਦੇਖਣ ਲਈ MyVote (toronto.ca/elections/myvote) ਦੀ ਵਰਤੋਂ ਕਰੋ
- ਵਾਰਡ ਦੇ ਨਕਸ਼ੇ ਅਤੇ ਵੋਟ ਪਾਉਣ ਦੀਆਂ ਥਾਂਵਾਂ ਦੇਖੋ

ਇਸ ਸਬੰਧੀ ਵੇਰਵੇ toronto.ca/elections ਵੈੱਬਸਾਈਟ ਤੇ ਜਾ ਕੇ ਜਾਂ ਸਾਨੂੰ 416-338-1111 ਤੇ ਕਾਲ ਕਰਕੇ ਪ੍ਰਾਪਤ ਕੀਤੇ ਜਾ ਸਕਦੇ ਹਨ।

# MyVote

MyVote ਦੇ ਵਿੱਚ ਉਹ ਸਭ ਕੁਝ ਹੈ ਜਿਸਦੀ ਤੁਹਾਨੂੰ ਲੋੜ ਹੈ। MyVote ਦੇ ਨਾਲ ਸ਼ੁਰੂਆਤ ਕਰਨ ਲਈ, ਆਪਣਾ ਟੋਰੰਟੋ ਦਾ ਪਤਾ ਦਾਖ਼ਲ ਕਰੋ ਅਤੇ:

- ਆਪਣਾ ਵਾਰਡ ਅਤੇ ਨਕਸ਼ਾ ਲੱਭੋ
- ਆਪਣੇ ਵਾਰਡ ਵਿੱਚ ਚੋਣ ਲੜ ਰਹੇ ਉਮੀਦਵਾਰਾਂ ਨੂੰ ਦੇਖੋ
- ਇਹ ਪਤਾ ਲਗਾਓ ਕਿ ਕੀ ਤੁਸੀਂ ਵੋਟਰ ਸੂਚੀ ਵਿੱਚ ਹੋ
- ਵੋਟਰ ਸੂਚੀ ਵਿੱਚ ਆਪਣੀ ਜਾਣਕਾਰੀ ਸ਼ਾਮਲ ਕਰਵਾਓ ਜਾਂ ਆਪਣੀ ਜਾਣਕਾਰੀ ਅੱਪਡੇਟ ਕਰੋ (1 ਅਕਤੂਬਰ ਤੱਕ)
- ਪਤਾ ਲਗਾਓ ਕਿੱਥੇ ਅਤੇ ਕਦੋਂ ਵੋਟ ਪਾਉਣੀ ਹੈ
- ਆਪਣਾ ਵੋਟਰ ਜਾਣਕਾਰੀ ਕਾਰਡ ਦੇਖੋ ਅਤੇ ਛਾਪੋ
- ਆਪਣੇ ਵੋਟ ਪਾਉਣ ਦੇ ਸਥਾਨ ਬਾਰੇ ਪਹੁੰਚਯੋਗਤਾ ਸੰਬੰਧੀ ਜਾਣਕਾਰੀ ਦੇਖੋ (1 ਅਕਤੂਬਰ ਤੋਂ ਸ਼ੁਰੂ)
- ਆਪਣੇ ਮੱਤਪੱਤਰ ਦਾ ਨਮੂਨਾ ਦੇਖੋ (1 ਅਕਤੂਬਰ ਤੋਂ ਸ਼ੁਰੂ)

ਵੋਟ ਪਾਉਣ ਦੇ ਸਥਾਨ ਬਦਲ ਸਕਦੇ ਹਨ, ਇਸ ਕਰਕੇ ਵੋਟ ਪਾਉਣ ਲਈ ਜਾਣ ਤੋਂ ਪਹਿਲਾਂ MyVote ਨੂੰ ਦੇਖਣਾ ਜਾਰੀ ਰੱਖੋ

## ਇੱਕ ਆਨਲਾਈਨ ਟੂਲ ਜਿੱਥੇ ਤੁਹਾਨੂੰ ਉਹ ਸਭ ਕੁਝ ਮਿਲ ਸਕਦਾ ਹੈ ਜੋ ਤੁਹਾਨੂੰ ਵੋਟ ਪਾਉਣ ਲਈ ਚਾਹੀਦਾ ਹੈ।

## toronto.ca/elections/myvote

# ਵੋਟ ਪਾਉਣ ਦੇ ਮੌਕੇ

## ਕੌਣ ਵੋਟ ਪਾ ਸਕਦਾ ਹੈ?

ਤੁਸੀਂ ਟੋਰਂਟੋ ਮਿਉਂਸੀਪਲ ਇਲੈਕਸ਼ਨ ਵਿੱਚ ਵੋਟ ਪਾ ਸਕਦੇ ਹੋ ਜੇ ਤੁਸੀਂ:

- ਕੈਨੇਡਾ ਦੇ ਨਾਗਰਿਕ ਹੋ; ਅਤੇ
- ਘੱਟੋ ਘੱਟ 18 ਸਾਲ ਦੀ ਉਮਰ ਦੇ ਹੋ; ਅਤੇ
- ਟੋਰਂਟੋ ਸ਼ਹਿਰ ਦੇ ਵਸਨੀਕ ਹੋ; ਜਾਂ
- ਟੋਰਂਟੋ ਸ਼ਹਿਰ ਦੇ ਵਸਨੀਕ ਨਹੀਂ ਹੋ, ਪਰ ਤੁਸੀਂ ਜਾਂ ਤੁਹਾਡਾ ਵਿਆਹੁਤਾ ਸਾਥੀ ਸ਼ਹਿਰ ਵਿੱਚ ਸੰਪਤੀ ਦੇ ਮਲਕ ਜਾਂ ਕਿਰਾਏਦਾਰ ਹੋ; ਅਤੇ
- ਕਿਸੇ ਕਾਨੂੰਨ ਤਹਿਤ ਤੁਹਾਨੂੰ ਵੋਟ ਪਾਉਣ ਤੋਂ ਰੋਕਿਆ ਨਹੀਂ ਗਿਆ ਹੈ।

ਇਸ ਵੱਲ ਧਿਆਨ ਦਿੱਤੇ ਬਿਨਾਂ ਕਿ ਟੋਰਂਟੋ ਦੇ ਵਿੱਚ ਤੁਸੀਂ ਕਿੰਨੀਆਂ ਸੰਪਤੀਆਂ ਦੇ ਮਾਲਕ ਜਾਂ ਕਿਰਾਏਦਾਰ ਹੋ, ਟੋਰਂਟੋ ਦੀਆਂ ਮਿਉਂਸੀਪਲ ਚੋਣਾਂ ਵਿੱਚ **ਤੁਸੀਂ ਕੇਵਲ ਇੱਕ ਵਾਰ ਵੋਟ ਪਾ ਸਕਦੇ ਹੋ। ਤੁਹਾਨੂੰ ਉਸ ਵਾਰਡ ਦੇ ਵਿੱਚ ਹੀ ਵੋਟ ਪਾਉਣੀ ਚਾਹੀਦੀ ਹੈ ਜਿਥੇ ਤੁਸੀਂ ਰਹਿੰਦੇ ਹੋ।**

## ਚੋਣ ਦਾ ਦਿਨ

ਸੋਮਵਾਰ, 22 ਅਕਤੂਬਰ 2018, ਸਵੇਰੇ 10 ਤੋਂ ਸ਼ਾਮ 8 ਵਜੇ ਤੱਕ

## ਅਡਵਾਂਸ ਵੋਟ

ਬੁੱਧਵਾਰ, 10 ਅਕਤੂਬਰ ਤੋਂ ਐਤਵਾਰ 14 ਅਕਤੂਬਰ, ਸਵੇਰੇ 10 ਤੋਂ ਸ਼ਾਮ 7 ਵਜੇ ਤੱਕ

ਤੁਹਾਡੇ ਅਡਵਾਂਸ ਵੋਟ ਦੇ ਸਥਾਨ ਤੁਹਾਡੇ ਵੋਟਰ ਜਾਣਕਾਰੀ ਕਾਰਡ ਤੇ ਨਜ਼ਰ ਆਉਣਗੇ ਜਾਂ ਤੁਸੀਂ ਇਸਨੂੰ MyVote ਦੀ ਵਰਤੋਂ ਕਰਕੇ ਦੇਖ ਸਕਦੇ ਹੋ।

ਆਪਣਾ ਵੋਟਰ ਜਾਣਕਾਰੀ ਕਾਰਡ ਛਾਪਣ ਲਈ MyVote ਦੀ ਵਰਤੋਂ ਕਰੋ ਜਾਂ ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ ਤਾਂ ਇਸਨੂੰ ਆਪਣੇ ਮੋਬਾਈਲ ਡਿਵਾਇਸ ਤੇ ਦਿਖਾਓ।

## ਸਿਟੀ ਹਾਲ

ਬੁੱਧਵਾਰ, 10 ਅਕਤੂਬਰ ਤੋਂ ਐਤਵਾਰ 14 ਅਕਤੂਬਰ ਸਵੇਰੇ 10 ਤੋਂ ਸ਼ਾਮ 7 ਵਜੇ ਤੱਕ

ਭਾਵੇਂ ਤੁਸੀਂ ਕਿਤੇ ਵੀ ਰਹਿੰਦੇ ਹੋਵੋ, ਅਡਵਾਂਸ ਵੋਟ ਦੇ ਦੌਰਾਨ ਤੁਸੀਂ ਟੋਰਂਟੋ ਸਿਟੀ ਹਾਲ, 100 ਕੁਇਨ ਸਟ੍ਰੀਟ ਡਬਲਿਯੂ. (Toronto City Hall, 100 Queen Street W.) ਵਿਖੇ ਵੋਟ ਪਾ ਸਕਦੇ ਹੋ।

## ਪਛਾਣ (ਆਈ ਡੀ) (ID)

ਵੋਟ ਪਾਉਣ ਦੇ ਲਈ ਤੁਹਾਨੂੰ ਉਸ ਪਛਾਣ ਦਸਤਾਵੇਜ਼ ਨੂੰ ਦਿਖਾਉਣਾ ਚਾਹੀਦਾ ਹੈ ਜਿਸ ਵਿੱਚ ਤੁਹਾਡਾ ਨਾਮ ਅਤੇ ਪਾਤਰਤਾ ਸਬੰਧੀ ਪਤਾ ਹੈ।

**ਵੋਟਾਂ ਵਾਲੇ ਦਿਨ ਲਾਇਨਾਂ ਵਿੱਚ ਲੱਗਣ ਤੋਂ ਬਚੋ। ਵੋਟਰ ਸੂਚੀਆਂ ਦੇਖੋ ਅਤੇ ਆਪਣਾ ਵੋਟਰ ਜਾਣਕਾਰੀ ਕਾਰਡ ਨਾਲ ਲਿਆਓ।**

# ਵੋਟਰਾਂ ਦੀਆਂ ਸੂਚੀਆਂ ਦੇਖੋ

ਇਹ ਜਾਂਚ ਕਰਨਾ ਮਹੱਤਵਪੂਰਨ ਹੈ ਕਿ ਕੀ ਤੁਹਾਡੀ ਜਾਣਕਾਰੀ ਸਹੀ ਹੈ, ਖਾਸ ਤੌਰ ਤੇ ਜੇ ਤੁਸੀਂ ਪਿਛਲੀਆਂ ਚੋਣਾਂ ਦੇ ਬਾਅਦ ਆਪਣੀ ਥਾਂ ਬਦਲੀ ਹੈ ਜਾਂ ਨਾਮ ਬਦਲਿਆ ਹੈ। ਟੋਰਂਟੋ ਸ਼ਹਿਰ ਦੀਆਂ ਵੋਟਰ ਸੂਚੀਆਂ ਵਿੱਚ ਹੋਣ ਦਾ ਮਤਲਬ ਹੈ ਕਿ ਤੁਸੀਂ ਇੱਕ ਵੋਟਰ ਜਾਣਕਾਰੀ ਕਾਰਡ ਪ੍ਰਾਪਤ ਕਰਦੇ ਹੋ ਜੋ ਵੋਟਾਂ ਦੇ ਸਥਾਨ ਤੇ ਤੁਹਾਡੇ ਦੁਆਰਾ ਬਿਤਾਏ ਜਾਣ ਵਾਲੇ ਸਮੇਂ ਨੂੰ ਘਟਾ ਦੇਵੇਗਾ।

TORONTO
89 Northline Road
Toronto, ON
M4B 3G1

| ਮਿਉਂਸੀਪਲ ਚੋਣਾਂ | |
|---|---|
| ਵਾਰਡ: 1 | ਸਬ ਡਿਵੀਜ਼ਨ: 24 |

Canada Post / Postes Canada
Lettermail / Poste-lettres
7102858

VOTE
October 22
toronto.ca/elections

9345678

ਯੋਗ ਪਤੇ ਦੇ ਸੰਦਰਭ ਵਿੱਚ

| ਅਡਵਾਂਸ ਵੋਟ | |
|---|---|
| 10 ਅਕਤੂਬਰ ਤੋਂ 14 ਅਕਤੂਬਰ 2018 ਤੱਕ - ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ | |
| ਇੱਕ ਟਿਕਾਣੇ ਤੇ ਵੋਟ ਪਾਓ | Toronto City Hall, 100 Queen St., W.<br>Example Community Centre, 123 Example Rd<br>Example Recreation Centre, 231 Example Dr |

| ਚੋਣ ਵਾਲਾ ਦਿਨ | |
|---|---|
| ਸੋਮਵਾਰ 22 ਅਕਤੂਬਰ 2018 - ਸਵੇਰੇ 10 ਵਜੇ ਤੋਂ ਸ਼ਾਮ 8 ਵਜੇ ਤੱਕ | |
| ਇੱਥੇ ਵੋਟ ਪਾਓ | General Public School – GYM<br>2345 LongDrive Stree |
| ਤੁਹਾਡੀ ਸਕੂਲੀ ਸਹਾਇਤਾ ਇਸ ਤਰ੍ਹਾਂ ਸੂਚੀਬੱਧ ਹ: ਫ੍ਰੈਂਚ ਕੈਥੋਲਿਕ | |

ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ, ਆਪਣਾ ਵੋਟਰ ਜਾਣਕਾਰੀ ਕਾਰਡ ਨਾਲ ਲਿਆਓ।

17 ਸਤੰਬਰ ਤੋਂ ਸ਼ੁਰੂ ਕਰਦਿਆਂ, ਟੋਰਂਟੋ ਸ਼ਹਿਰ ਵੋਟਰਾਂ ਦੀ ਸੂਚੀ ਵਿੱਚ ਸੁਧਾਈਆਂ ਨੂੰ ਸਵੀਕਾਰ ਕਰੇਗਾ।

- ਤੁਸੀਂ 416-338-1111 ਤੇ ਕਾਲ ਕਰਕੇ ਇਹ ਪਤਾ ਲਗਾ ਸਕਦੇ ਹੋ ਕਿ ਕੀ ਤੁਸੀਂ ਵੋਟਰਾਂ ਦੀ ਸੂਚੀ ਵਿੱਚ ਹੋ ਜਾਂ ਨਹੀਂ।
- ਤੁਸੀਂ ਸਿਟੀ ਕਲਰਕ ਦੇ ਦਫ਼ਤਰ ਵਿੱਚ ਵਿਅਕਤੀਗਤ ਰੂਪ ਵਿੱਚ ਹਾਜ਼ਰ ਹੋ ਕੇ ਜਾਂ 416-338-1111 ਤੇ ਕਾਲ ਕਰਕੇ ਵੋਟਰਾਂ ਦੀ ਸੂਚੀ ਵਿੱਚ ਸੋਧ ਲਈ ਦਰਖਾਸਤ ਭਰ ਕੇ ਆਪਣੀ ਜਾਣਕਾਰੀ ਜੋੜ ਸਕਦੇ ਹੋ ਜਾਂ ਅੱਪਡੇਟ ਕਰਵਾ ਸਕਦੇ ਹੋ।
- ਚੋਣਾਂ ਦੇ ਦਿਨ ਦੀ ਵੋਟਰਾਂ ਦੀ ਆਖਰੀ ਸੂਚੀ ਵਿੱਚ ਆਪਣਾ ਨਾਮ ਸ਼ਾਮਲ ਕਰਵਾਉਣ ਲਈ, ਸਾਰੀਆਂ ਸੁਧਾਈਆਂ 14 ਅਕਤੂਬਰ ਤੱਕ ਪੂਰੀਆਂ ਕਰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਤਾਰੀਖ ਦੇ ਬਾਅਦ ਜਦੋਂ ਤੁਸੀਂ 22 ਅਕਤੂਬਰ ਨੂੰ ਵੋਟ ਪਾਉਣ ਜਾਂਦੇ ਹੋ ਤਾਂ ਤੁਸੀਂ ਤੁਸੀਂ ਵੋਟਿੰਗ ਦੇ ਸਥਾਨ ਤੇ ਖੁਦ ਨੂੰ ਸ਼ਾਮਲ ਕਰਵਾ ਸਕਦੇ ਹੋ।

## 17 ਸਤੰਬਰ ਤੋਂ 1 ਅਕਤੂਬਰ ਤੱਕ MyVote ਦੀ ਵਰਤੋਂ ਕਰਕੇ ਆਪਣੀ ਜਾਣਕਾਰੀ ਨੂੰ ਆਨਲਾਈਨ ਦੇਖੋ, ਹੋਰ ਜਾਣਕਾਰੀ ਜੋੜੋ ਜਾਂ ਬਦਲਾਵ ਕਰੋ।

ਇਨ੍ਹਾਂ ਕੰਮਾਂ ਦੇ ਲਈ MyVote (toronto.ca/elections/myvote) ਦੀ ਵਰਤੋਂ ਕਰੋ:

- ਇਹ ਦੇਖਣ ਦੇ ਲਈ ਕਿ ਕੀ ਤੁਸੀਂ ਵੋਟਰਾਂ ਦੀ ਸੂਚੀ ਵਿੱਚ ਹੋ
- ਵੋਟਰਾਂ ਦੀ ਸੂਚੀ ਵਿੱਚ ਆਪਣਾ ਨਾਮ ਸ਼ਾਮਲ ਕਰਵਾਉਣ ਲਈ
- ਆਪਣੀ ਵੋਟਰ ਜਾਣਕਾਰੀ ਵਿੱਚ ਬਦਲਾਵ ਕਰਨ ਲਈ

**ਯਾਦ ਰੱਖੋ: ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ ਤੁਹਾਨੂੰ ਆਪਣੀ ਆਈ ਡੀ (ID) ਜ਼ਰੂਰ ਲਿਆਉਣੀ ਚਾਹੀਦੀ ਹੈ, ਭਾਵੇਂ ਕਿ ਤੁਸੀਂ ਖੁਦ ਨੂੰ ਵੋਟਰਾਂ ਦੀ ਸੂਚੀ ਵਿੱਚ ਸ਼ਾਮਲ ਕਰਵਾ ਲਿਆ ਹੋਏ।**

# ਵੋਟਰਾਂ ਦੇ ਲਈ ਅਨੁਕੂਲਤਾਵਾਂ

## ਵੋਟ ਪਾਉਣ ਦੇ ਸਥਾਨ

ਵੋਟ ਪਾਉਣ ਦੇ ਸਾਰੇ ਸਥਾਨ ਪਹੁੰਚਯੋਗ ਹੋਣਗੇ ਅਤੇ ਹਰੇਕ ਟਿਕਾਣੇ ਬਾਰੇ ਜਾਣਕਾਰੀ ਸਾਡੀ ਵੈੱਬਸਾਈਟ **toronto.ca/elections/voters** ਤੇ ਉਪਲਬਧ ਹੈ।

## ਵੋਟ ਪਾਉਣ ਦੇ ਪਹੁੰਚਯੋਗ ਉਪਕਰਣ

ਵੋਟਰ ਅਸਿਸਟ ਟਰਮੀਨਲ ਇੱਕ ਮੱਤਪੱਤਰਾਂ ਤੇ ਨਿਸ਼ਾਨ ਲਗਾਉਣ ਵਾਲਾ ਉਪਕਰਣ ਹੈ ਜੋ ਅਪਾਹਜ ਅਤੇ ਹੋਰ ਖਾਸ ਜ਼ਰੂਰਤਾਂ ਵਾਲੇ ਵੋਟਰਾਂ ਨੂੰ ਆਪਣੇ ਮੱਤਪੱਤਰ ਤੇ ਨਿੱਜਤਾ ਅਤੇ ਆਤਮ ਨਿਰਭਰਤਾ ਨਾਲ ਨਿਸ਼ਾਨ ਲਗਾਉਣ ਦੀ ਆਜ਼ਾਦੀ ਦਿੰਦਾ ਹੈ। ਇਹਨਾਂ ਵਿਸ਼ੇਸ਼ਤਾਵਾਂ ਦੇ ਵਿੱਚ ਟੱਚ ਸਕ੍ਰੀਨ, ਇੱਕ ਆਡਿਓ ਉਪਕਰਣ, ਇੱਕ ਬ੍ਰੇਲ ਕੀ-ਪੈਡ, ਇੱਕ ਸਿਪ/ਪੱਫ਼ ਟਿਊਬ ਡਿਵਾਈਸ, ਇੱਕ ਰੋਕਰ ਪੈਡਲ/ਫੁੱਟ ਸਵਿਚ ਅਤੇ ਅੱਖਰਾਂ ਦੇ ਆਕਾਰ ਅਤੇ ਰੰਗਾਂ ਦੇ ਕੰਟਰਾਸਟ ਨੂੰ ਬਦਲਣ ਲਈ ਜ਼ੂਮ ਕਰਨ ਵਾਲੀਆਂ ਵਿਸ਼ੇਸ਼ਤਾਵਾਂ ਸ਼ਾਮਲ ਹਨ।

ਵੋਟਰ ਅਸਿਸਟ ਟਰਮੀਨਲ ਅਡਵਾਂਸ ਵੋਟ ਪਾਉਣ ਵਾਲੇ ਸਾਰੇ ਸਥਾਨਾਂ ਤੇ ਉਪਲਬਧ ਹੋਣਗੇ। ਜੇ ਤੁਹਾਨੂੰ ਚੋਣਾਂ ਵਾਲੇ ਦਿਨ ਵੋਟਰ ਅਸਿਸਟ ਟਰਮੀਨਲ ਵਰਤਣ ਦੀ ਜ਼ਰੂਰਤ ਹੈ ਅਤੇ ਜੇਕਰ ਇਹ ਤੁਹਾਡੇ ਨਿਰਧਾਰਤ ਵੋਟਿੰਗ ਸਥਾਨ ਤੇ ਮੌਜੂਦ ਨਹੀਂ ਹੈ, ਤਾਂ ਤੁਸੀਂ **416-338-1111** ਤੇ ਕਾਲ ਕਰਕੇ ਆਪਣੇ ਮੱਤਪੱਤਰ ਦਾ ਸਥਾਨ ਬਦਲਣ ਲਈ ਬੇਨਤੀ ਕਰ ਸਕਦੇ ਹੋ।

## ਪ੍ਰੌਕਸੀ ਨਾਲ ਵੋਟ ਪਾਉਣੀ

ਜੇ ਤੁਸੀਂ ਕਿਸੇ ਕਾਰਨ ਕਰਕੇ ਵੋਟ ਪਾਉਣ ਦੇ ਦਿਨਾਂ ਵਿਚੋਂ ਕਿਸੇ ਵੀ ਦਿਨ ਵੋਟ ਨਹੀਂ ਪਾ ਸਕਦੇ ਹੋ, ਤਾਂ ਤੁਸੀਂ ਵੋਟਿੰਗ ਪ੍ਰੌਕਸੀ ਅਪਾਇੰਟਮੈਂਟ ਫਾਰਮ ਭਰ ਕੇ ਤੁਹਾਡੇ ਵੱਲੋਂ ਵੋਟ ਪਾਉਣ ਲਈ ਕਿਸੇ ਪ੍ਰੌਕਸੀ ਨੂੰ ਨਿਯੁਕਤ ਕਰ ਸਕਦੇ ਹੋ।

ਵੋਟਿੰਗ ਪ੍ਰੌਕਸੀ ਅਪਾਇੰਟਮੈਂਟ ਫਾਰਮ ਚੋਣਾਂ ਵਾਲੇ ਦਿਨ ਤੋਂ ਪਹਿਲਾਂ ਸਿਟੀ ਕਲਰਕ ਦੇ ਦਫ਼ਤਰ ਦੇ ਟਿਕਾਣਿਆਂ ਵਿਚੋਂ ਕਿਸੇ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ ਅਤੇ ਪ੍ਰਮਾਣਿਤ ਕੀਤੇ ਜਾ ਸਕਦੇ ਹਨ। ਵਧੇਰੇ ਜਾਣਕਾਰੀ ਇਲੈਕਸ਼ਨ ਸਰਵਿਸਜ਼ ਦੀ ਵੈੱਬਸਾਈਟ **toronto.ca/elections/voters** ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

## ਹੋਰ ਸੇਵਾਵਾਂ

- ਵੋਟ ਕਿਸ ਤਰ੍ਹਾਂ ਪਾਈ ਜਾਵੇ ਇਸ ਬਾਰੇ ਹਦਾਇਤਾਂ ਵੋਟਿੰਗ ਦੀਆਂ ਸਾਰੀਆਂ ਥਾਂਵਾਂ ਤੇ ਬ੍ਰੇਲ ਅਤੇ 26 ਭਾਸ਼ਾਵਾਂ ਵਿੱਚ ਉਪਲਬਧ ਹੋਣਗੀਆਂ।
- ਘੱਟ ਨਜ਼ਰ ਵਾਲੇ ਵੋਟਰਾਂ ਦੀ ਸਹਾਇਤਾ ਲਈ ਵੋਟ ਪਾਉਣ ਵਾਲੀਆਂ ਸਾਰੀਆਂ ਥਾਂਵਾਂ ਤੇ ਵੱਡਦਰਸ਼ੀ ਸ਼ੀਟਾਂ ਉਪਲਬਧ ਹੋਣਗੀਆਂ।
- ਜੇ ਤੁਸੀਂ ਸਰੀਰਿਕ ਤੌਰ ਤੇ ਵੋਟਿੰਗ ਵਾਲੇ ਸਥਾਨ ਵਿੱਚ ਦਾਖਲ ਹੋਣ ਤੋਂ ਅਸਮਰਥ ਹੋ, ਤਾਂ ਤੁਸੀਂ ਵੋਟ ਪਾਉਣ ਵਾਲੇ ਖੇਤਰ ਦੇ ਅੰਦਰ ਹੀ ਕਿਸੇ ਹੋਰ ਸਥਾਨ ਤੇ ਸਹਾਇਤਾ ਕੀਤੇ ਜਾਣ ਲਈ ਬੇਨਤੀ ਕਰ ਸਕਦੇ ਹੋ। ਉਦਾਹਰਣ ਦੇ ਤੌਰ ਤੇ ਪਾਰਕਿੰਗ ਦੇ ਸਥਾਨ ਜਾਂ ਸੜਕ ਦੇ ਕਿਨਾਰੇ ਤੇ। ਵਧੇਰੇ ਜਾਣਕਾਰੀ ਲਈ **416-338-1111** ਤੇ ਕਾਲ ਕਰੋ।
- ਗੂੰਗੇ ਅਤੇ ਸੁਣਨ ਵਿੱਚ ਕਠਿਨਾਈ ਵਾਲੇ ਵਿਅਕਤੀਆਂ ਲਈ ਚੋਣ ਜਾਣਕਾਰੀ **416-338- OTTY (00889)** ਤੇ ਟੀ.ਟੀ.ਵਾਈ. (TTY) ਨੂੰ ਕਾਲ ਕਰਨ ਤੇ ਉਪਲਬਧ ਹੋਏਗੀ।
- ਜੇ ਤੁਸੀਂ ਖੁਦ ਮੱਤਪੱਤਰ ਤੇ ਨਿਸ਼ਾਨ ਲਗਾਉਣ ਵਿੱਚ ਅਸਮਰਥ ਹੋ ਤਾਂ ਤੁਸੀਂ ਆਪਣੀ ਸਹਾਇਤਾ ਲਈ ਕਿਸੇ ਦੋਸਤ ਨੂੰ ਲਿਆ ਸਕਦੇ ਹੋ ਜਾਂ ਤੁਸੀਂ ਕਿਸੇ ਚੋਣ ਅਧਿਕਾਰੀ ਤੋਂ ਸਹਾਇਤਾ ਮੰਗ ਸਕਦੇ ਹੋ।
- ਸਾਰੀਆਂ ਵੋਟਿੰਗ ਵਾਲੀਆਂ ਥਾਂਵਾਂ ਤੇ ਸਹਾਇਕ ਵਿਅਕਤੀਆਂ ਅਤੇ ਸੇਵਾ ਦੇਣ ਵਾਲੇ ਜਾਨਵਰਾਂ ਤੇ ਕੋਈ ਰੋਕ ਨਹੀਂ ਹੈ।

ਜੇ ਇਨ੍ਹਾਂ ਵਿਚੋਂ ਕੋਈ ਵੀ ਅਨੁਕੂਲਤਾ ਬਦਲਾਵ ਤੁਹਾਡੀਆਂ ਜ਼ਰੂਰਤਾਂ ਪੂਰੀਆਂ ਨਹੀਂ ਕਰਦਾ ਹੈ, ਕਿਰਪਾ ਕਰਕੇ ਸਾਨੂੰ **416-338-1111** ਉੱਤੇ ਕਾਲ ਕਰੋ।

**ਜੇ ਤੁਸੀਂ ਵੋਟ ਪਾਉਣ ਦੇ ਸਬੰਧ ਵਿੱਚ ਕਿਸੇ ਤਰ੍ਹਾਂ ਦੀ ਰੁਕਾਵਟ ਦਾ ਸਾਹਮਣਾ ਕਰ ਰਹੇ ਹੋ ਤਾਂ ਸਾਨੂੰ 416-338-2020 ਉੱਤੇ ਕਾਲ ਕਰੋ।**

# ਸਵੀਕਾਰਯੋਗ ਪਛਾਣ ਦਸਤਾਵੇਜ਼

ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ ਤਾਂ ਇੱਕ ਪਛਾਣ ਦਸਤਾਵੇਜ਼ (ID) ਦੀ ਜ਼ਰੂਰਤ ਹੁੰਦੀ ਹੈ। ਤੁਹਾਡੇ ਨਾਮ ਅਤੇ ਤੁਹਾਨੂੰ ਯੋਗ ਬਣਾਉਣ ਵਾਲੇ ਟੋਰੰਟੋ ਦੇ ਪਤੇ ਨੂੰ ਦਿਖਾਉਂਦਾ ਆਪਣਾ ਇੱਕ ਆਈਡੀ (ID) ਦਸਤਾਵੇਜ਼ ਨਾਲ ਲਿਆਉਣਾ ਯਾਦ ਰੱਖੋ। ਤੁਹਾਡਾ ਵੋਟਰ ਜਾਣਕਾਰੀ ਕਾਰਡ ਆਈਡੀ (ID) ਦਸਤਾਵੇਜ਼ ਦੇ ਵੱਜੋਂ ਨਹੀਂ ਵਰਤਿਆ ਜਾ ਸਕਦਾ।

## ਸਵੀਕਾਰਯੋਗ ਆਈਡੀ (ID) ਦੀਆਂ ਉਦਾਹਰਣਾਂ:

- ਓਂਟਾਰਿਓ ਦੁਆਰਾ ਜਾਰੀ ਕੀਤਾ ਗਿਆ ਫ਼ੋਟੋ ਕਾਰਡ, ਡਰਾਈਵਰ ਲਾਇਸੈਂਸ ਜਾਂ ਮੋਟਰ ਵਾਹਨ ਪਰਮਿਟ (ਵਹੀਕਲ ਪੋਰਸ਼ਨ)।
- ਰੱਦ ਕੀਤਾ ਵਿਅਕਤੀਗਤ ਚੈੱਕ, ਕ੍ਰੈਡਿਟ ਕਾਰਡ ਜਾਂ ਬੈਂਕ ਦੇ ਖਾਤੇ ਦੀ ਸਟੇਟਮੈਂਟ
- ਹਾਈਡ੍ਰੋ, ਟੈਲੀਫ਼ੋਨ ਜਾਂ ਕੇਬਲ ਟੀ ਵੀ, ਪਾਣੀ, ਗੈਸ ਦਾ ਬਿਲ ਜਾਂ ਜਨਤਕ ਸੇਵਾਵਾਂ ਦੇ ਕਮਿਸ਼ਨ ਤੋਂ ਪ੍ਰਾਪਤ ਕੋਈ ਬਿਲ।
- ਚੈੱਕ ਸਟੱਬ, T4 ਸਟੇਟਮੈਂਟ ਜਾਂ ਰੁਜ਼ਗਾਰਦਾਤਾ ਦੁਆਰਾ ਜਾਰੀ ਕੀਤੀ ਗਈ ਤਨਖਾਹ ਦੀ ਸਲਿਪ।
- ਓਂਟਾਰਿਓ ਵਰਕਸ ਜਾਂ ਓਂਟਾਰਿਓ ਡਿਸਏਬਿਲਟੀ ਪ੍ਰੋਗਰਾਮ ਦੇ ਲਈ ਡਾਇਰੈਕਟ ਡਿਪਾਜ਼ਿਟ ਦੀ ਸਟੇਟਮੈਂਟ।
- ਸੰਪਤੀ ਕਰ ਦਾ ਮੁਲਾਂਕਣ, ਆਮਦਨ ਕਰ ਮੁਲਾਂਕਣ ਦਾ ਨੋਟਿਸ, ਚਾਇਲਡ ਟੈਕਸ ਬੈਨੀਫ਼ਿਟ ਸਟੇਟਮੈਂਟ।
- ਮਾਰਗੇਜ ਸਟੇਟਮੈਂਟ, ਲੀਜ਼ ਜਾਂ ਕਿਰਾਏ ਦਾ ਸਮਝੌਤਾ।
- ਕਿਸੇ ਸੈਕੰਡਰੀ ਤੋਂ ਬਾਅਦ ਦੇ ਸਕੂਲ ਤੋਂ ਟ੍ਰਾਂਸਕ੍ਰਿਪਟ ਜਾਂ ਰਿਪੋਰਟ ਕਾਰਡ
- ਕਿਸੇ ਸਕੈਂਡਰੀ ਤੋਂ ਬਾਅਦ ਦੀ ਸੰਸਥਾ ਵਿੱਚ ਵਿਦਿਆਰਥੀ ਦੀ ਰਿਹਾਇਸ਼ ਦੇ ਲਈ ਜ਼ਿੰਮੇਵਾਰ ਆਫਿਸ ਜਾਂ ਅਧਿਕਾਰੀਆਂ ਦੁਆਰਾ ਜਾਰੀ ਕੀਤਾ ਗਿਆ ਦਸਤਾਵੇਜ ਜੋ ਕੈਂਪਸ ਦੀ ਰਿਹਾਇਸ਼ ਦਿਖਾਉਂਦਾ ਹੈ
- ਕੈਨੇਡਾ, ਓਂਟਾਰਿਓ ਸਰਕਾਰ ਜਾਂ ਓਂਟਾਰਿਓ ਵਿੱਚ ਕਿਸੇ ਮਿਉਂਸੀਪੈਲਟੀ ਤੋਂ ਪ੍ਰਾਪਤ ਦਸਤਾਵੇਜ਼ ਜਾਂ ਓਂਟਾਰਿਓ ਵਿੱਚ ਕਿਸੇ ਅਦਾਲਤ ਦੁਆਰਾ ਜਾਰੀ ਕੀਤਾ ਜਾਂਦਾ ਪ੍ਰਮਾਣਿਤ ਕੀਤਾ ਗਿਆ ਦਸਤਾਵੇਜ਼।
- ਇੰਡੀਅਨ ਐਕਟ (ਕੈਨੇਡਾ) ਦੇ ਅਧੀਨ ਸਥਾਪਤ ਕੀਤੀ ਗਈ ਬਾਰ ਕਾਉਂਸਿਲ ਤੋਂ ਪ੍ਰਾਪਤ ਕੀਤਾ ਗਿਆ ਕੋਈ ਦਸਤਾਵੇਜ਼।
- ਬੀਮੇ ਦੀ ਪਾਲਸੀ ਜਾਂ ਬੀਮੇ ਦੀ ਸਟੇਟਮੈਂਟ।
- ਕਰਜ਼ ਦਾ ਸਮਝੌਤਾ ਜਾਂ ਕਿਸੇ ਵਿੱਤੀ ਸੰਸਥਾ ਦੇ ਨਾਲ ਕੀਤਾ ਗਿਆ ਹੋਰ ਵਿੱਤੀ ਸਮਝੌਤਾ।
- ਇੰਪਲਾਇਮੈਂਟ ਇੰਸ਼ੋਰੈਂਸ ਬੈਨੀਫ਼ਿਟ ਪੇਡ T4E ਦੀ ਸਟੇਟਮੈਂਟ।
- ਓਲਡ ਏਜ ਸਿਕਓਰਟੀ T4A (QAS) ਦੀ ਸਟੇਟਮੈਂਟ, ਕੈਨੇਡਾ ਪੈਨਸ਼ਨ ਪਲਾਨ ਬੈਨੀਫਿਟ T4A(P), ਕੈਨੇਡਾ ਪੈਨਸ਼ਨ ਪਲਾਨ ਯੋਗਦਾਨਾਂ ਦੀ ਸਟੇਟਮੈਂਟ।
- ਵਰਕਪਲੇਸ ਸੇਫ਼ਟੀ ਐਂਡ ਇੰਸ਼ੋਰੈਂਸ ਬੋਰਡ ਸਟੇਟਮੈਂਟ ਆਫ਼ ਬੈਨੀਫਿਟਜ਼ T5007.
- CNIB ਕਾਰਡ ਜਾਂ ਕਿਸੇ ਹੋਰ ਪੰਜੀਕ੍ਰਿਤ ਖੈਰਾਤੀ ਸੰਸਥਾ ਜੋ ਅਪਾਹਜ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਦੀ ਹੈ, ਤੋਂ ਕਾਰਡ।
- ਕਿਸੇ ਲੰਮੀ ਮਿਆਦ ਦੇ ਦੇਖਭਾਲ ਘਰ ਦੇ ਵਿੱਚ ਲਾਂਗ-ਟਰਮ ਕੇਅਰ ਹੋਮਜ਼ ਐਕਟ, 2007 ਦੇ ਅਧੀਨ ਰਿਹਾਇਸ਼ ਨੂੰ ਦਿਖਾਉਂਦਾ ਦਸਤਾਵੇਜ਼ ਜਿਸਨੂੰ ਕਿ ਘਰ ਦੇ ਪ੍ਰਸ਼ਾਸ਼ਕ ਦੁਆਰਾ ਜਾਰੀ ਕੀਤਾ ਗਿਆ ਹੁੰਦਾ ਹੈ।
- ਹਸਪਤਾਲ ਦਾ ਕਾਰਡ ਜਾਂ ਰਿਕਾਰਡ

**ਜੇ ਤੁਹਾਡੇ ਕੋਲ ਸਵੀਕਾਰਯੋਗ ਆਈਡੀ (ID) ਨਹੀਂ ਹੈ ਅਤੇ ਤੁਸੀਂ ਵੋਟਰਾਂ ਦੀ ਸੂਚੀ ਵਿੱਚ ਨਹੀਂ ਹੋ, ਤਾਂ ਤੁਹਾਨੂੰ ਮੱਤਪੱਤਰ ਪ੍ਰਾਪਤ ਕਰਨ ਲਈ ਆਪਣੇ ਆਈਡੀ (ID) ਕਾਰਡ ਨਾਲ ਦੁਬਾਰਾ ਆਉਣ ਲਈ ਕਿਹਾ ਜਾਵੇਗਾ।**

# ਅਕਤੂਬਰ ਦੀਆਂ ਮੁੱਖ ਤਾਰੀਖਾਂ

**10 ਅਕਤੂਬਰ ਤੋਂ 14 ਅਕਤੂਬਰ:** ਸਵੇਰੇ 10 ਤੋਂ ਸ਼ਾਮ 7 ਵਜੇ ਤੱਕ ਅਡਵਾਂਸ ਵੋਟ

**14 ਅਕਤੂਬਰ:** ਅਡਵਾਂਸ ਵੋਟ ਦਾ ਅੰਤਿਮ ਦਿਨ

**22 ਅਕਤੂਬਰ:** ਚੋਣਾਂ ਦਾ ਦਿਨ ਸਵੇਰੇ 10 ਤੋਂ ਸ਼ਾਮ 8 ਵਜੇ ਤੱਕ

---

## ਸਿਟੀ ਕਲਰਕ ਦੇ ਦਫਤਰ ਦੇ ਟਿਕਾਣੇ

ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਤੱਕ ਹੇਠ ਲਿਖੇ ਸਥਾਨਾਂ ਤੇ:

- Toronto City Hall, 100 Queen St. W., 1st Floor North
- Etobicoke Civic Centre, 399 The West Mall, Main Floor
- North York Civic Centre, 5100 Yonge St., Ground Floor
- Scarborough Civic Centre, 150 Borough Drive., 3rd Floor
- Toronto Election Services Office, 89 Northline Road

## ਸਾਡੇ ਨਾਲ ਸੰਪਰਕ ਕਰੋ

ਵੈੱਬ: toronto.ca/elections
ਈਮੇਲ: elections@toronto.ca
ਇਲੈਕਸ਼ਨ ਸਰਵਿਸਜ਼: 416-338-1111
ਪਹੁੰਚਯੋਗਤਾ ਸੰਬੰਧੀ ਅਨੁਕੂਲਤਾ ਬਦਲਾਵ: 416-338-2020
ਪਹੁੰਚਯੋਗਤਾ ਸਬੰਧੀ ਈਮੇਲ:
Accessibility Email: accessibleelections@toronto.ca
ਟੀ.ਟੀ.ਵਾਈ. (TTY): 416-338-0889

**@torontovotes**

**@torontovotes**

**Toronto Votes**